# ਮੈਂ ਕਿਸੇ ਤੋਂ ਘੱਟ ਨਹੀਂ

ਰਜਨੀ ਦੀ ਉਮਰ ਹੋਵੇਗੀ ਕੋਈ ਗਿਆਰਾਂ-ਬਾਰਾਂ ਸਾਲਾਂ ਦੀ। ਪੋਲੀਓ ਦੀ ਬੀਮਾਰੀ ਕਰਕੇ ਉਸ ਦੀਆਂ ਦੋਵੇਂ ਲੱਤਾਂ ਨਕਾਰਾ ਹੋ ਚੁੱਕੀਆਂ ਸਨ, ਪਰ ਉਸ ਵਿਚ ਅੱਗੇ ਵਧਣ ਦਾ ਬਹੁਤ ਜਜ਼ਬਾ ਤੇ ਉਤਸ਼ਾਹ ਸੀ। ਕਈ ਖੇਡ ਮੁਕਾਬਲਿਆਂ ਵਿਚ ਉਸ ਨੇ ਇਨਾਮ ਜਿੱਤੇ ਸਨ।

ਰਜਨੀ ਦੀ ਖ਼ਾਸੀਅਤ ਇਹ ਸੀ ਕਿ ਉਹ ਸਕੂਲੋਂ ਕਦੇ ਗੈਰ ਹਾਜ਼ਰ ਨਹੀਂ ਰਹਿੰਦੀ ਸੀ। ਉਹ ਆਪਣੇ ਪਿੰਡੋਂ ਟ੍ਰਾਈ ਸਾਈਕਲ 'ਤੇ ਤਿੰਨ ਕਿਲੋਮੀਟਰ ਦੂਰ ਸ਼ਹਿਰ ਦੇ ਸਕੂਲ ਵਿਚ ਪੜ੍ਹਨ ਲਈ ਆਉਂਦੀ ਸੀ। ਕਈ ਵਾਰ ਮੌਸਮ ਖ਼ਰਾਬ ਹੋਣ ਕਰਕੇ ਮੰਮੀ ਉਸ ਨੂੰ ਸਕੂਲੋਂ ਛੁੱਟੀ ਕਰ ਲੈਣ ਲਈ ਆਖਦੀ ਤਾਂ ਰਜਨੀ ਅਗੋਂ ਆਖਦੀ, "ਮੰਮੀ, ਖ਼ਰਾਬ ਮੌਸਮ ਦੀ ਮੈਨੂੰ ਕੋਈ ਪਰਵਾਹ ਨਹੀਂ। ਸ਼ਾਇਦ ਤੁਹਾਨੂੰ ਨਹੀਂ ਪਤਾ ਕਿ ਸਾਡੇ ਸਕੂਲ ਵਿਚ ਸਾਲਾਨਾ ਸਮਾਗਮ ਵਿਚ ਹਰੇਕ ਜਮਾਤ ਦੇ ਉਸ ਵਿਦਿਆਰਥੀ ਨੂੰ ਇਨਾਮ ਦਿੱਤਾ ਜਾਂਦਾ ਏ ਜਿਸ ਦੀ ਹਾਜ਼ਰੀ ਸਾਰੇ ਸਾਲ ਵਿਚ ਦੂਜਿਆਂ ਨਾਲੋਂ ਵੱਧ ਹੁੰਦੀ ਏ। ਮੈਂ ਨਹੀਂ ਚਾਹੁੰਦੀ ਕਿ ਮੇਰੀ ਹਾਜ਼ਰੀ ਕਿਸੇ ਹੋਰ ਨਾਲੋਂ ਘੱਟ ਹੋਵੇ। ਇਸ ਲਈ ਮੈਂ ਸਕੂਲ ਜਾਵਾਂਗੀ। ਥੋੜ੍ਹਾ ਬਹੁਤ ਖ਼ਰਾਬ ਮੌਸਮ ਮੇਰਾ ਰਾਹ ਨਹੀਂ ਰੋਕ ਸਕਦਾ।"

ਇਹ ਸੁਣ ਕੇ ਰਜਨੀ ਦੇ ਪਾਪਾ ਕਹਿੰਦੇ, "ਰਜਨੀ ਠੀਕ ਹੀ ਤਾਂ ਕਹਿ ਰਹੀ ਏ।"



ਅੱਗੋਂ ਰਜਨੀ ਮੁਸਕਰਾ ਪੈਂਦੀ ਤੇ ਅਲਵਿਦਾ ਆਖ ਟ੍ਰਾਈ ਸਾਈਕਲ 'ਤੇ ਸਕੂਲੇ ਜਾਣ ਲਈ ਰਵਾਨਾ ਹੋ ਜਾਂਦੀ।

ਮੀਂਹ ਪੈਣ ਕਾਰਨ ਸਕੂਲ ਦੇ ਆਸ-ਪਾਸ ਘਾਹ ਕਾਫ਼ੀ ਵੱਡਾ ਹੋ ਗਿਆ ਸੀ। ਸਕੂਲ ਦਾ ਮਾਲੀ ਮੋਹਨ ਕਈ ਦਿਨਾਂ ਤੋਂ ਬਿਮਾਰ ਸੀ। ਇਸ ਕਰਕੇ ਸਕੂਲ ਵਿਚ ਘਾਹ ਕੱਟਣ ਦਾ ਬੰਦੋਬਸਤ ਨਹੀਂ ਸੀ ਹੋ ਸਕਿਆ। ਰਜਨੀ ਦੀ ਜਮਾਤ ਦੇ ਕਮਰੇ ਦੇ ਪਿਛਲੇ ਪਾਸੇ ਵੀ ਕਾਫ਼ੀ ਘਾਹ ਹੋ ਗਿਆ ਸੀ। ਕਈ ਵਾਰੀ ਰਜਨੀ ਦੇ ਇੰਚਾਰਜ ਅਧਿਆਪਕ ਸ੍ਰੀ ਮੋਹਨ ਲਾਲ ਜੀ ਆਖ ਚੁੱਕੇ ਸਨ ਕਿ ਵੱਡਾ ਹੋ ਚੁੱਕਿਆ ਘਾਹ ਕਟਵਾਉਣਾ ਬਹੁਤ ਜ਼ਰੂਰੀ ਹੈ।

**ਔਖੇ ਸ਼ਬਦਾਂ ਦੇ ਅਰਥ**

| | |
|---|---|
| ਨਕਾਰਾ | : ਬੇਕਾਰ, ਅਪਾਹਜ, ਅੰਗਹੀਣ |
| ਜਜ਼ਬਾ | : ਭਾਵਨਾ, ਵਲਵਲਾ |
| ਘਾਹ | : ਘਾਸ, ਚਾਰਾ, ਘਾਹ-ਪੱਠਾ |

**ਔਖੇ ਸ਼ਬਦਾਂ ਦੇ ਅਰਥ**

ਚਾਣਚੱਕ : ਅਚਾਨਕ, ਅਚਨਚੇਤ, ਰੱਬ ਸਬੱਬੀਂ

ਘਾਬਰ : ਬੇਚੈਨ, ਡਰ

ਉਗੇ : ਪੈਦਾ ਹੋਏ


ਬਾਰੀ : ਖਿੜਕੀ

ਹਾਲ-ਦੁਹਾਈ : ਚੀਖ਼-ਪੁਕਾਰ, ਸਹਾਇਤਾ ਲਈ ਪੁਕਾਰ

ਖੁੱਡ : ਮੋਰੀ, ਖੁੱਤੀ, ਘੁਰਨਾ

ਵਿਉਂਤ : ਸਕੀਮ, ਜੁਗਤ, ਯੋਜਨਾ

ਡੰਗ : ਕੱਟਣਾ



ਕਿਉਂਕਿ ਉਸ ਵਿਚ ਕੋਈ ਜ਼ਹਿਰੀਲਾ ਜੀਵ ਵੀ ਤਾਂ ਹੋ ਸਕਦਾ ਹੈ ਤੇ ਉਹੀ ਹੋਇਆ ਜਿਸ ਦਾ ਸ੍ਰੀ ਮੋਹਨ ਲਾਲ ਜੀ ਨੂੰ ਡਰ ਸੀ।

ਇਕ ਦਿਨ ਦੀ ਗੱਲ ਹੈ।

ਰਜਨੀ ਦੀ ਜਮਾਤ ਦੇ ਸਾਰੇ ਵਿਦਿਆਰਥੀ ਮੈਦਾਨ ਵਿਚ ਖੇਡ ਰਹੇ ਸਨ। ਹਿੰਦੀ ਦੇ ਪੀਰੀਅਡ ਦੀ ਘੰਟੀ ਵੱਜੀ ਤਾਂ ਸਾਰੇ ਆਪਣੇ ਕਮਰੇ ਵੱਲ ਦੌੜੇ ਤੇ ਆਪਣੇ ਕਮਰੇ ਵਿਚ ਆ ਕੇ ਬਹਿਣ ਲੱਗੇ। ਅਧਿਆਪਕ ਜੀ ਦੀ ਉਡੀਕ ਹੋਣ ਲੱਗੀ।

ਚਾਣਚੱਕ ਹੀ ਜਮਾਤ ਵਿਚ ਪਿੱਛੇ ਬੈਠੇ ਰਾਹੁਲ ਦੀ ਨਜ਼ਰ ਆਪਣੇ ਬੈਂਚ ਦੀ ਇਕ ਲੱਤ ਨਾਲ ਲਿਪਟੇ ਪਏ ਸੱਪ 'ਤੇ ਪਈ ਤਾਂ ਉਹ ਇਕਦਮ ਘਾਬਰ ਗਿਆ। ਉਸ ਨੇ ਰੌਲਾ ਪਾ ਦਿੱਤਾ, "ਸੱਪ, ਸੱਪ।"

ਪਲਾਂ-ਛਿਣਾਂ ਵਿਚ ਹੀ ਜਮਾਤ ਵਿਚ ਹਾਹਾਕਾਰ ਮੱਚ ਗਈ। ਸਾਰੇ ਵਿਦਿਆਰਥੀ ਰੌਲਾ ਪਾਉਂਦੇ ਹੋਏ ਕਮਰੇ ਵਿਚੋਂ ਬਾਹਰ ਭੱਜਣ ਲੱਗੇ। ਉਹ ਸੱਪ ਕਮਰੇ ਦੇ ਬਾਹਰ ਉਗੇ ਵੱਡੇ ਘਾਹ ਵਿਚੋਂ ਕੰਧ 'ਤੇ ਚੜ੍ਹਦਾ ਹੋਇਆ ਬਾਰੀ ਰਾਹੀਂ ਕਮਰੇ ਵਿਚ ਆ ਗਿਆ ਸੀ।

ਰਜਨੀ ਜਮਾਤ ਦੇ ਵਿਚਕਾਰ ਆਪਣੀ ਸਹੇਲੀ ਪੂਜਾ ਨਾਲ ਬੈਂਚ 'ਤੇ ਬੈਠੀ ਹੋਈ ਸੀ। ਪੂਜਾ ਨੇ ਉਸ ਨੂੰ ਫਟਾਫਟ ਬਾਹਰ ਨਿਕਲਣ ਲਈ ਆਖਿਆ ਪਰ ਇਕਦਮ ਬਾਹਰ ਨਿਕਲਣਾ ਉਸ ਲਈ ਔਖਾ ਸੀ।

ਰਜਨੀ ਨੇ ਵੇਖਿਆ, ਸੱਪ ਤਿੰਨ ਫੁੱਟ ਤੋਂ ਵੀ ਕੁਝ ਵੱਡਾ ਸੀ। ਵਿਦਿਆਰਥੀਆਂ ਦੀ ਹਾਲ-ਦੁਹਾਈ ਨਾਲ ਸੱਪ ਵੀ ਘਾਬਰ ਗਿਆ। ਕਮਰੇ ਦਾ ਫਰਸ਼ ਪੱਕਾ ਸੀ। ਇਸ ਲਈ ਸੱਪ ਆਪਣੇ ਛੁਪਣ ਲਈ ਕੋਈ ਖੁੱਡ ਵਗੈਰਾ ਲੱਭਣ ਇਧਰ-ਉਧਰ ਦੌੜਨ ਲੱਗਾ।

ਰਜਨੀ ਨੇ ਫੌਰਨ ਦਿਮਾਗ ਤੋਂ ਕੰਮ ਲਿਆ। ਉਸ ਨੇ ਆਪਣਾ 'ਤੇ ਪੂਜਾ ਦਾ ਬੈਗ ਉਲਟਾ ਦਿੱਤਾ। ਦੋਵੇਂ ਬੈਗ ਖਾਲੀ ਕਰਕੇ ਥੋੜ੍ਹੇ-ਥੋੜ੍ਹੇ ਅੰਤਰ ਨਾਲ ਆਪਣੇ ਨੇੜੇ ਹੀ ਫਰਸ਼ 'ਤੇ ਸੁੱਟ ਦਿੱਤੇ।

ਰਜਨੀ ਦੀ ਵਿਉਂਤ ਕੰਮ ਕਰ ਗਈ।

ਜਿਉਂ ਹੀ ਸੱਪ ਫਰਸ਼ 'ਤੇ ਪਏ ਇਕ ਖਾਲੀ ਬੈਗ ਵਿਚ ਜਾ ਵੜਿਆ ਤਾਂ ਰਜਨੀ ਨੇ ਫੁਰਤੀ ਨਾਲ ਬੈਂਚ ਤੋਂ ਉਠ ਕੇ ਦੋਵਾਂ ਹੱਥਾਂ ਨਾਲ ਬੈਗ ਦਾ ਮੂੰਹ ਬੰਦ ਕਰ ਦਿੱਤਾ। ਸੱਪ ਦੀ ਪੂਛ ਬੈਗ ਤੋਂ ਥੋੜ੍ਹੀ ਜਿਹੀ ਬਾਹਰ ਵਿਖਾਈ ਦੇ ਰਹੀ ਸੀ।

"ਰਜਨੀ, ਬੈਗ ਛੱਡ ਕੇ ਬਾਹਰ ਦੌੜ ਆ। ਸੱਪ ਤੈਨੂੰ ਡੰਗ ਲਏਗਾ। ਬੈਗ ਛੱਡ ਦੇ।"

ਕਮਰੇ ਦੇ ਬਾਹਰ ਖੜ੍ਹੇ ਪੂਜਾ ਤੇ ਹੋਰ ਜਮਾਤੀ ਚੀਕ ਚੀਕ ਕੇ ਕਹਿ ਰਹੇ ਸਨ ਪਰ ਰਜਨੀ ਨੇ ਬੈਗ ਦਾ ਮੂੰਹ ਘੁੱਟ ਕੇ ਬੰਦ ਕੀਤਾ ਹੋਇਆ ਸੀ।

ਤਦ ਤਕ ਸਕੂਲ ਦਾ ਸੇਵਾਦਾਰ ਪ੍ਰਾਣ ਨਾਥ ਹੱਥ ਵਿਚ ਸੋਟੀ ਫੜੀ ਕਮਰੇ ਵਿਚ ਆਇਆ। ਜਦੋਂ ਉਸ ਨੇ ਰਜਨੀ ਨੂੰ ਅਜਿਹੀ ਹਾਲਤ ਵਿਚ ਵੇਖਿਆ ਤਾਂ ਉਹ ਦੰਗ ਰਹਿ ਗਿਆ।

ਪ੍ਰਾਣ ਨਾਥ ਬੋਲਿਆ, "ਕੁੜੀਏ, ਖ਼ਤਰਾ ਮੁੱਲ ਨਾ ਲੈ। ਇਹ ਬੈਗ ਛੱਡ ਦੇ। ਫਟਾਫਟ ਕਰ। ਬੈਂਚ 'ਤੇ ਜਾ ਚੜ੍ਹ। ਮੈਂ ਇਸ ਨੂੰ ਬੈਗ ਵਿਚ ਹੀ ਮਾਰ ਦਿਆਂਗਾ। ਛੇਤੀ ਕਰ। ਸੱਪ ਤੈਨੂੰ ਡੰਗ ਮਾਰ ਦਏਗਾ।"

"ਅੰਕਲ ਜੀ, ਸੱਪ ਹੁਣ ਇਸ ਬੈਗ 'ਚੋਂ ਬਾਹਰ ਨਹੀਂ ਨਿਕਲ ਸਕਦਾ ਕਿਉਂਕਿ ਮੈਂ ਬੜੀ ਮਜਬੂਤੀ ਨਾਲ ਘੁੱਟ ਕੇ ਬੈਗ ਦਾ ਮੂੰਹ ਬੰਦ ਕੀਤਾ ਹੋਇਐ।" ਰਜਨੀ ਨੇ ਉੱਤਰ ਦਿੱਤਾ।

ਸੱਪ ਬੈਗ ਵਿਚੋਂ ਫੁੰਕਾਰੇ ਮਾਰ ਰਿਹਾ ਸੀ ਪਰ ਰਜਨੀ ਬਿਲਕੁਲ ਨਹੀਂ ਸੀ ਡਰ ਰਹੀ।


ਪ੍ਰਿੰਸੀਪਲ ਸਾਹਿਬ, ਅਧਿਆਪਕ ਤੇ ਕੁਝ ਹੋਰ ਕਰਮਚਾਰੀ ਵੀ ਝਟਪਟ ਉਥੇ ਆ ਗਏ।

ਚੌਕੀਦਾਰ ਨੇ ਆਖਿਆ, "ਇਸ ਨੂੰ ਜਲਦੀ ਮਾਰ ਦਿਉ ...।"

ਇਹ ਗੱਲ ਸੁਣਦਿਆਂ ਸਾਰ ਈ ਰਜਨੀ ਬੋਲੀ, "ਨਾ ਨਾ ਅੰਕਲ ਜੀ, ਇਸ ਨੂੰ ਨਾ ਮਾਰਨਾ ਪਲੀਜ਼। ਇਹ ਮੇਰੀ ਪਕੜ ਵਿਚੋਂ ਬਾਹਰ ਨਹੀਂ ਆ ਸਕਦਾ ਤੇ ਨਾ ਹੀ ਹੁਣ ਇਹ ਕਿਸੇ ਦਾ ਨੁਕਸਾਨ ਕਰ ਸਕਦਾ ਏ। ਇਸ ਨੂੰ ਚਿੜੀਆਘਰ ਵਾਲਿਆਂ ਨੂੰ ਦਿੱਤਾ ਜਾਵੇ ਤਾਂ ਬੜਾ ਚੰਗਾ ਹੋਵੇਗਾ।"

"ਵਾਹ ਰਜਨੀ, ਤੂੰ ਤਾਂ ਸਿਆਣਿਆਂ ਵਾਲੀਆਂ ਗੱਲਾਂ ਕਰ ਰਹੀ ਏਂ।" ਪ੍ਰਿੰਸੀਪਲ ਸਾਹਿਬ ਨੇ ਆਖਿਆ।

ਪ੍ਰਾਣ ਨਾਥ ਨੇ ਰਜਨੀ ਕੋਲੋਂ ਬੜੀ ਸਾਵਧਾਨੀ ਨਾਲ ਬੈਗ ਫੜ ਲਿਆ ਤੇ ਫਿਰ ਉਸ ਬੈਗ ਦਾ ਮੂੰਹ ਘੁੱਟ ਕੇ ਰੱਸੀ ਨਾਲ ਬੰਨ੍ਹ ਦਿੱਤਾ।



ਸਾਇੰਸ ਵਾਲੇ ਅਧਿਆਪਕ ਬੋਲੇ, "ਰਜਨੀ ਠੀਕ ਕਹਿ ਰਹੀ ਐ ਸਰ। ਇਸ ਨੂੰ ਚਿੜੀਆ ਘਰ ਵਿਚ ਭਿਜਵਾਇਆ ਜਾਵੇ।"

ਪ੍ਰਾਣ ਨਾਥ ਤੇ ਇਕ ਦੋ ਹੋਰ ਆਦਮੀ ਸੱਪ ਨੂੰ ਚਿੜੀਆ ਘਰ ਵਿਚ ਸੌਂਪਣ ਲਈ ਚਲੇ ਗਏ।

ਚਿੜੀਆ ਘਰ ਦੇ ਵੱਡੇ ਅਫ਼ਸਰ ਨੂੰ ਜਦੋਂ ਸਾਰੀ ਗੱਲ ਦਾ ਪਤਾ ਲੱਗਿਆ ਤਾਂ ਉਹ ਆਖਣ ਲੱਗਾ, "ਮੈਂ ਇਹ ਜਾਣ ਕੇ ਹੈਰਾਨ ਹਾਂ ਕਿ ਇਸ ਸੱਪ ਨੂੰ ਇਕ ਅਜਿਹੀ ਬਹਾਦਰ ਲੜਕੀ ਨੇ ਕਾਬੂ ਕੀਤਾ ਏ ਜਿਹੜੀ ਪੋਲੀਓ

**ਔਖੇ ਸ਼ਬਦਾਂ ਦੇ ਅਰਥ**

ਫੁੰਕਾਰੇ : ਸੱਪ ਦੇ ਸ਼ੂਕਣ ਦੀ ਆਵਾਜ਼

**ਔਖੇ ਸ਼ਬਦਾਂ ਦੇ ਅਰਥ**

ਮਿਸਾਲ : ਉਦਾਹਰਣ

ਅਪੰਗਤਾ : ਅੰਗਹੀਣਤਾ, ਨਕਾਰਾਪਣ

ਦੀ ਸ਼ਿਕਾਰ ਏ। ਦੂਜੀ ਵੱਡੀ ਗੱਲ ਇਹ ਕਿ ਉਸ ਦੇ ਮਨ ਵਿਚ ਜੀਵ ਜੰਤੂਆਂ ਪ੍ਰਤੀ ਬਹੁਤ ਸਨੇਹ ਐ। ਉਹ ਜਾਣਦੀ ਐ ਕਿ ਸੱਪ ਸਾਡਾ ਦੁਸ਼ਮਣ ਨਹੀਂ ਸਗੋਂ ਇਹ ਖ਼ਤਰਾ ਮਹਿਸੂਸ ਕਰਨ ਵੇਲੇ ਹੀ ਵਿਅਕਤੀ ਨੂੰ ਆਪਣੇ ਬਚਾਉ ਵਾਸਤੇ ਡੰਗ ਮਾਰਦੈ। ਆਮ ਲੋਕਾਂ ਨੂੰ ਇਸ ਗੱਲ ਦਾ ਨਹੀਂ ਪਤਾ ਕਿ ਇਸ ਦੇ ਜ਼ਹਿਰ ਤੋਂ ਕਈ ਲਾਭਦਾਇਕ ਦਵਾਈਆਂ ਬਣਦੀਆਂ ਨੇ।"

ਸਕੂਲ ਦਾ ਸਾਲਾਨਾ ਸਮਾਰੋਹ ਹੋਇਆ। ਰਜਨੀ ਨੂੰ ਬਹਾਦਰੀ ਦਾ ਇਨਾਮ ਦੇਣ ਲਈ ਚਿੜੀਆ ਘਰ ਦੇ ਮੁੱਖ ਅਫ਼ਸਰ ਖ਼ੁਦ ਸਕੂਲੇ ਆਏ ਤੇ ਸਾਰਿਆਂ ਨੂੰ ਸੰਬੋਧਨ ਕਰਦੇ ਆਖਣ ਲੱਗੇ, "ਇਹ ਬਹਾਦਰ ਲੜਕੀ ਸਾਡੇ ਸਾਰਿਆਂ ਵਾਸਤੇ ਇਕ ਮਿਸਾਲ ਐ ਜੋ ਆਪਣੀ ਸਰੀਰਕ ਅਪੰਗਤਾ ਦੇ ਬਾਵਜੂਦ ਵੀ ਕਿਸੇ ਕੋਲੋਂ ਘੱਟ ਨਹੀਂ। ਮੈਂ ਆਪਣੇ ਵਲੋਂ ਇਸ ਦਾ ਨਾਂ ਰਾਸ਼ਟਰਪਤੀ ਐਵਾਰਡ ਲਈ ਭੇਜਣ ਦੀ ਸਿਫ਼ਾਰਸ਼ ਕਰਾਂਗਾ ਕਿਉਂਕਿ ਇਸ ਨੇ ਆਪਣੀ ਹਾਜ਼ਰ ਦਿਮਾਗ਼ੀ ਨਾਲ ਨਾ ਕੇਵਲ ਆਪਣੇ ਜਮਾਤੀਆਂ ਨੂੰ ਖ਼ਤਰੇ ਤੋਂ ਬਚਾਇਐ ਸਗੋਂ ਬੜੀ ਬਹਾਦਰੀ ਨਾਲ ਸੱਪ ਕਾਬੂ ਕਰਕੇ ਸਾਡੇ ਤੱਕ ਪਹੁੰਚਾਉਣ ਵਿਚ ਮਦਦ ਕੀਤੀ ਐ।"

ਇਨਾਮ ਲੈਣ ਉਪਰੰਤ ਜਦੋਂ ਰਜਨੀ ਆਪਣੀਆਂ ਸਹੇਲੀਆਂ ਨੂੰ ਮਿਲ ਰਹੀ ਸੀ ਤਾਂ ਕੁਝ ਸਹੇਲੀਆਂ ਕਹਿ ਰਹੀਆਂ ਸਨ, "ਰਜਨੀ, ਜਿਹੜਾ ਕੰਮ ਅਸੀਂ ਨਹੀਂ ਕਰ ਸਕੀਆਂ, ਉਹ ਤੂੰ ਇਕੱਲੀ ਨੇ ਕਰ ਦਿਖਾਇਐ। ਸਾਨੂੰ ਤੇਰੇ 'ਤੇ ਮਾਣ ਐ।"

ਰਜਨੀ ਬੋਲੀ, "ਦ੍ਰਿੜ੍ਹ ਨਿਸ਼ਚਾ ਹੋਵੇ ਤਾਂ ਵੱਡੇ ਤੋਂ ਵੱਡੇ ਸੰਕਟ ਨੂੰ ਵੀ ਆਸਾਨੀ ਨਾਲ ਕਾਬੂ ਕੀਤਾ ਜਾ ਸਕਦਾ ਏ।"

ਰਜਨੀ ਨੇ ਵੇਖਿਆ, ਉਸ ਦੇ ਕੁਝ ਜਮਾਤੀ ਤਾੜੀਆਂ ਵਜਾਉਂਦੇ ਹੋਏ ਆਖ ਰਹੇ ਨੇ, "ਰਜਨੀ ਜ਼ਿੰਦਾਬਾਦ ! ਰਜਨੀ ਜ਼ਿੰਦਾਬਾਦ !"

ਇੰਨੇ ਨੂੰ ਆਪਣੇ ਜਮਾਤੀਆਂ ਵਿਚ ਘਿਰੀ ਰਜਨੀ ਕੋਲ ਉਸ ਦੇ ਮੰਮੀ ਪਾਪਾ ਆਏ। ਉਨ੍ਹਾਂ ਆ ਕੇ ਰਜਨੀ ਨੂੰ ਗਲਵਕੜੀ ਵਿਚ ਲੈ ਲਿਆ।

ਰਜਨੀ ਨੂੰ ਜਾਪਿਆ ਜਿਵੇਂ ਉਸ ਦੀਆਂ ਬੇਜਾਨ ਲੱਤਾਂ ਵਿਚ ਜਾਨ ਆ ਗਈ ਹੋਵੇ ਤੇ ਉਸ ਦੀ ਤਾਕਤ ਵੀ ਦੁੱਗਣੀ ਹੋ ਗਈ ਹੋਵੇ।

**ਡਾ. ਦਰਸ਼ਨ ਸਿੰਘ 'ਆਸ਼ਟ'**

## ਟਿੱਪਣੀ

ਉਪਰੋਕਤ ਕਹਾਣੀ ਵਿਚ ਸਾਨੂੰ ਇਕ ਅਪਾਹਜ ਕੁੜੀ ਦੇ ਸਾਹਸੀ ਕਾਰਨਾਮੇ ਬਾਰੇ ਪਤਾ ਲਗਦਾ ਹੈ। ਰਜਨੀ ਜਿਸ ਦੀਆਂ ਦੋਵੇਂ ਲੱਤਾਂ ਪੋਲੀਓ ਦੀ ਬੀਮਾਰੀ ਕਾਰਨ ਨਾਕਾਮ ਹੋ ਚੁੱਕੀਆਂ ਹਨ ਹੌਂਸਲੇ ਤੇ ਦਲੇਰੀ ਦਾ ਸਬੂਤ ਦਿੰਦੀ ਹੈ। ਟ੍ਰਾਈ ਸਾਈਕਲ ਉੱਪਰ ਰੁਜ਼ਾਨਾ ਸਕੂਲ ਜਾ ਕੇ ਉਹ ਆਪਣੀ ਪੜ੍ਹਾਈ ਵਿਚ ਕਿਸੇ ਨਾਲੋਂ ਪਿੱਛੇ ਨਹੀਂ ਰਹਿਣਾ ਚਾਹੁੰਦੀ। ਹਰ ਕੰਮ ਵਿਚ

ਉਹ ਇਕ ਤੰਦਰੁਸਤ ਬੱਚੇ ਵਾਂਗ ਪੇਸ਼ ਆਉਂਦੀ ਹੈ। ਖ਼ਰਾਬ ਮੌਸਮ ਵੀ ਉਸਦੇ ਸਕੂਲ ਜਾਣ ਵਿਚ ਰੁਕਾਵਟ ਨਹੀਂ ਪਾ ਸਕਦਾ। ਜਮਾਤ ਵਿਚ ਸੱਪ ਦੇ ਦਾਖ਼ਲ ਹੋਣ ਉਪਰੰਤ ਉਹ ਘਬਰਾਉਂਦੀ ਨਹੀਂ ਸਗੋਂ ਬਹਾਦਰੀ ਨਾਲ ਉਸ ਦਾ ਮੁਕਾਬਲਾ ਕਰਦੀ ਹੈ। ਸਾਰੇ ਵਿਦਿਆਰਥੀ ਸੱਪ ਦੇ ਡਰ ਕਾਰਨ ਜਮਾਤ ਵਿਚੋਂ ਬਾਹਰ ਚਲੇ ਜਾਂਦੇ ਹਨ। ਪਰ ਰਜਨੀ ਇਕੱਲੀ ਆਪਣੇ ਬੈਂਚ ਉੱਪਰ ਬੈਠੀ ਰਹਿੰਦੀ ਹੈ। ਉਹ ਬੈਗ ਦੀ ਮਦਦ ਨਾਲ ਸੱਪ ਨੂੰ ਕਾਬੂ ਕਰਨ ਵਿਚ ਸਫ਼ਲ ਹੋ ਜਾਂਦੀ ਹੈ। ਇਸ ਤੋਂ ਵੀ ਅੱਗੇ ਇਕ ਹੋਰ ਕਦਮ ਵਧਾ ਕੇ ਉਹ ਜੀਵ-ਜੰਤੂਆਂ ਪ੍ਰਤੀ ਮਾਨਵੀ ਸਨੇਹ ਦਾ ਸੰਦੇਸ਼ ਦਿੰਦੀ ਹੈ। ਉਹ ਸਕੂਲ ਦੇ ਸੇਵਾਦਾਰ ਤੇ ਪ੍ਰਿੰਸੀਪਲ ਨੂੰ ਸੱਪ ਨੂੰ ਮਾਰਨ ਤੋਂ ਰੋਕਦੀ ਹੋਈ ਉਸ ਨੂੰ ਚਿੜੀਆਘਰ ਨੂੰ ਸੌਂਪ ਦੇਣ ਦੀ ਅਪੀਲ ਕਰਦੀ ਹੈ। ਉਸ ਦੀ ਇਸ ਬਹਾਦਰੀ ਤੇ ਸੂਝ-ਬੂਝ ਕਾਰਨ ਉਸ ਨੂੰ ਮਾਨ-ਸਨਮਾਨ ਮਿਲਦਾ ਹੈ। ਰਜਨੀ ਸਭ ਲਈ ਇਕ ਪ੍ਰੇਰਨਾ-ਸਰੋਤ ਬਣ ਕੇ ਉਭਰਦੀ ਹੈ।

## ਅਭਿਆਸ

**1. ਦੱਸੋ ਖਾਂ ਭਲਾ :**

(i) ਰਜਨੀ ਨੂੰ ਕਿਹੜੀ ਬਿਮਾਰੀ ਸੀ ?

(ii) ਰਜਨੀ ਸਕੂਲ ਜਾਣ ਲਈ ਕਿਸ ਦੀ ਪਰਵਾਹ ਨਹੀਂ ਕਰਦੀ ਸੀ ?

(iii) ਸੱਪ, ਜਮਾਤ ਦੇ ਕਮਰੇ ਵਿਚ ਕਿਵੇਂ ਦਾਖ਼ਲ ਹੋਇਆ ਸੀ ?

(iv) ਸਭ ਤੋਂ ਪਹਿਲਾਂ ਸੱਪ ਨੂੰ ਕਿਸ ਨੇ ਵੇਖਿਆ ?

(v) ਅਧਿਆਪਕ ਮੋਹਨ ਲਾਲ ਨੂੰ ਕਿਸ ਦਾ ਡਰ ਸੀ ?

(vi) ਸੱਪ ਕੀ ਲੱਭਣ ਵਾਸਤੇ ਇਧਰ-ਉਧਰ ਦੌੜ ਰਿਹਾ ਸੀ ?

(vii) ਰਜਨੀ ਨੇ ਸੱਪ ਨੂੰ ਕਿਥੇ ਭੇਜਣ ਦੀ ਬੇਨਤੀ ਕੀਤੀ ਸੀ ?

(viii) ਚਿੜੀਆਘਰ ਦੇ ਅਫ਼ਸਰ ਨੇ ਰਜਨੀ ਦੇ ਨਾਂ ਦੀ ਕਿਸ ਕੋਲ ਸਿਫ਼ਾਰਸ਼ ਕਰਨ ਦੀ ਗੱਲ ਕਹੀ ਸੀ ?

## ਆਉ ਕੁਝ ਹੋਰ ਕਰੀਏ

**ੳ. ਪਾਠ ਤੋਂ ਅੱਗੇ**

(i) ਕਹਾਣੀ ਦੀ ਪਾਤਰ ਰਜਨੀ ਦੇ ਕਿਰਦਾਰ ਦਾ ਤੁਹਾਡੇ ਉਪਰ ਕੀ ਅਸਰ ਹੋਇਆ? ਵਿਸਥਾਰ ਵਿਚ ਲਿਖੋ।

(ii) ਕੀ ਤੁਸੀਂ ਅਜਿਹੇ ਕਿਸੇ ਹੋਰ ਵਿਅਕਤੀ ਨੂੰ ਜਾਣਦੇ ਹੋ ਜੋ ਅਪਾਹਜ ਹੋਣ ਦੇ ਬਾਵਜੂਦ ਸਾਹਸੀ ਹੋਵੇ ? ਉਦਾਹਰਨਾਂ ਸਹਿਤ ਉਸ ਦੇ ਗੁਣਾਂ ਦਾ ਵਿਆਖਿਆਨ ਕਰੋ।

(iii) ਜੇਕਰ ਰਜਨੀ ਦੀ ਥਾਂ ਤੁਸੀਂ ਇਸ ਸੰਕਟ ਵਿਚ ਫਸ ਜਾਂਦੇ ਤਾਂ ਕੀ ਕਰਦੇ ? ਆਪਣੇ ਭਾਵ ਵਿਅਕਤ ਕਰੋ।

(iv) ਕੀ ਤੁਸੀਂ ਸਮਝਦੇ ਹੋ ਕਿ ਵਾਤਾਵਰਨ ਪ੍ਰਤੀ ਸਾਵਧਾਨੀ ਦੀ ਘਾਟ ਕਾਰਨ ਹੀ ਅਜਿਹੀਆਂ ਘਟਨਾਵਾਂ ਵਾਪਰਦੀਆਂ ਹਨ ? ਇਨ੍ਹਾਂ ਤੋਂ ਬਚਣ ਲਈ ਆਪਣੇ ਸੁਝਾਅ ਪੇਸ਼ ਕਰੋ।

**ਅ. ਪਾਠ ਵਿਚੋਂ ਸਮਾਸੀ ਸ਼ਬਦ ਚੁਣ ਕੇ ਉਨ੍ਹਾਂ ਦੀ ਸੂਚੀ ਬਣਾਉ।**

**ੲ. ਪਾਠ ਵਿਚੋਂ ਮੁਹਾਵਰੇ ਲੱਭ ਕੇ ਵਾਕਾਂ ਵਿਚ ਬਦਲੋ।**

**ਸ. ਹੇਠਾਂ ਦਿੱਤੇ ਵਾਕਾਂ ਵਿਚੋਂ ਨਾਂਵ ਚੁਣ ਕੇ ਉਨ੍ਹਾਂ ਦੀ ਕਿਸਮ ਦੱਸੋ :**

(i) ਅਧਿਆਪਕ ਨੇ ਘਾਹ ਕੱਟਣ ਲਈ ਕਿਹਾ। ...

(ii) ਰਜਨੀ ਇਕ ਬਹਾਦਰ ਲੜਕੀ ਹੈ। ...

(iii) ਪ੍ਰਿੰਸੀਪਲ ਜਮਾਤ ਵਿਚ ਆਇਆ। ...

(iv) ਰਜਨੀ ਪੋਲੀਓ ਦੀ ਬੀਮਾਰੀ ਦੀ ਸ਼ਿਕਾਰ ਹੈ। ...

(v) ਸੱਪ ਜਮਾਤ ਵਿਚ ਦੌੜ ਰਿਹਾ ਸੀ। ...